BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ 2019 ਲਈ ਮਜ਼ਬੂਤ ਕ੍ਰੈਡਿਟ ਰੇਟਿੰਗ ਨੂੰ ਕਾਇਮ ਰੱਖਿਆ

***ਸਿਟੀ ਦੀ ਠੋਸ ਵਿੱਤੀ ਅਤੇ ਅਸਧਾਰਨ ਨਕਦੀ ਦੀ ਸਥਿਤੀ ਨੇ ਟ੍ਰਿਪਲ 'A' ਕ੍ਰੈਡਿਟ ਰੇਟਿੰਗ ਅਤੇ ਸਥਿਰ ਦ੍ਰਿਸ਼ਟੀਕੋਣ ਕਾਇਮ ਰੱਖਣ ਵਿੱਚ ਮਦਦ ਕੀਤੀ।***

ਬ੍ਰੈਂਪਟਨ, ਓਨਟੈਰੀਓ (10 ਅਕਤੂਬਰ, 2019) – ਐਸ ਐਂਡ ਪੀ ਗਲੋਬਲ (S&P Global) ਨੇ 2019 ਲਈ, ਸਿਟੀ ਆਫ ਬ੍ਰੈਂਪਟਨ ਦੀ ਟ੍ਰਿਪਲ 'A' (Triple 'A') ਰੇਟਿੰਗ ਬਹਾਲ ਰੱਖੀ ਹੈ। ਇਹ ਉਹ ਉੱਚੀ ਕ੍ਰੈਡਿਟ ਰੇਟਿੰਗ ਹੈ, ਜੋ ਮਿਊਨਿਸਿਪਲਿਟੀ ਨੂੰ ਸਥਿਰ ਦ੍ਰਿਸ਼ਟੀਕੋਣ ਨਾਲ ਮਿਲ ਸਕਦੀ ਹੈ। ਐਸ ਐਂਡ ਪੀ ਦੇ ਮੁਤਾਬਕ, ਰੇਟਿੰਗ ਸਿਟੀ ਦੇ ਠੋਸ ਵਿੱਤੀ ਪ੍ਰਬੰਧਨ ਨੂੰ ਦਰਸਾਉਂਦੀ ਹੈ।

**ਸੁਰਖੀਆਂ**

ਐਸ ਐਂਡ ਪੀ ਗਲੋਬਲ ਦੇ ਮੁਤਾਬਕ, ਕਈ ਕਾਰਕ ਸਿਟੀ ਦੀ ਮਜ਼ਬੂਤ ਕ੍ਰੈਡਿਟ ਰੇਟਿੰਗ ਵਿੱਚ ਯੋਗਦਾਨ ਪਾਉਂਦੇ ਹਨ। ਰਿਪੋਰਟ ਦੀਆਂ ਸੁਰਖੀਆਂ ਵਿੱਚ ਸ਼ਾਮਲ ਹਨ:

"ਬ੍ਰੈਂਪਟਨ ਨੇ ਆਪਣੇ ਸਹਿਯੋਗੀਆਂ ਦੇ ਪੱਧਰ ਦੇ ਮੁਕਾਬਲੇ ਕਰਜ਼ ਸੇਵਾ ਕਵਰੇਜ ਪੱਧਰ ਨੂੰ ਵੱਧ ਮਜ਼ਬੂਤ ਰੱਖਦੇ ਹੋਏ, ਅਸਧਾਰਨ ਨਕਦੀ ਪੋਜੀਸ਼ਨ ਕਾਇਮ ਰੱਖੀ ਹੈ।"

"ਸਿਟੀ ਵਾਧੇ ਸਬੰਧੀ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਅਤੇ ਸਾਵਧਾਨੀ ਨਾਲ ਆਪਣੀ ਪੂੰਜੀ ਨੂੰ ਸੰਭਾਲਣ ਵਾਸਤੇ ਲਗਾਤਾਰ ਜ਼ਰੂਰੀ ਕਦਮ ਚੁੱਕਦੀ ਹੈ।"

"ਸਿਟੀ ਢੁੱਕਵੀਂ ਜਾਣਕਾਰੀ ਦੇ ਲਈ ਪਾਰਦਰਸ਼ੀ ਅਤੇ ਪਹੁੰਚ ਵਿੱਚ ਅਸਾਨ ਪ੍ਰਗਟਾਵਾ ਮੁਹੱਈਆ ਕਰਦੀ ਹੈ ਅਤੇ ਵਿਸਤ੍ਰਿਤ ਸੰਚਾਲਨ ਅਤੇ ਪੂੰਜੀ ਬਜਟ ਤਿਆਰ ਕਰਦੀ ਹੈ।"

**ਲਿੰਕ**

ਸਿਟੀ ਆਫ ਬ੍ਰੈਂਪਟਨ 'AAA' ਰੇਟਿੰਗ ਬਹਾਲ ਰੱਖੀ; ਸਥਿਰ ਦ੍ਰਿਸ਼ਟੀਕੋਣ ਕਾਇਮ ਹੈ (City of Brampton 'AAA' Rating Affirmed; Outlook Remains Stable)

**ਹਵਾਲੇ**

"ਠੋਸ ਵਿੱਤੀ ਪ੍ਰਬੰਧਨ ਅਤੇ ਸਰਕਾਰ ਦੀ ਉੱਤਮਤਾ ਲਈ ਵਚਨਬੱਧਤਾ ਦੇ ਨਾਲ ਚੰਗੀ-ਤਰ੍ਹਾਂ ਸੰਚਾਲਿਤ ਸਿਟੀ ਦੇ ਤੌਰ ਤੇ, ਬ੍ਰੈਂਪਟਨ ਨੇ ਇੱਕ ਹੋਰ ਸਾਲ ਲਈ ਆਪਣੀ ਮਜ਼ਬੂਤ ਕ੍ਰੈਡਿਟ ਰੇਟਿੰਗ ਨੂੰ ਕਾਇਮ ਰੱਖਿਆ ਹੈ। ਸਿਟੀ ਦੀ ਲਚਕੀਲੀ ਵਿੱਤੀ ਸਥਿਤੀ ਉਹਨਾਂ ਕਈ ਕਾਰਕਾਂ ਵਿੱਚੋਂ ਇੱਕ ਹੈ, ਜੋ ਬ੍ਰੈਂਪਟਨ ਨੂੰ ਨਿਵੇਸ਼ ਲਈ ਆਕਰਸ਼ਕ ਬਣਾਉਂਦੇ ਹਨ। ਇਹ ਰੇਟਿੰਗ ਸਿਟੀ ਵਿੱਚ ਵੱਧ ਫੌਰਨ ਡਾਇਰੈਕਟ ਇਨਵੈਸਟਮੈਂਟ ਲਿਆਉਣ ਦੇ ਸਾਡੇ ਯਤਨਾਂ ਦਾ ਸਮਰਥਨ ਕਰਦੀ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

“ਬ੍ਰੈਂਪਟਨ ਦੀ ਠੋਸ ਵਿੱਤੀ ਸਥਿਤੀ, ਸਾਡੇ ਭਾਈਚਾਰੇ ਅਤੇ ਨਿਵੇਸ਼ਕਾਂ ਲਈ ਆਤਮਵਿਸ਼ਵਾਸ਼ ਦਾ ਵੋਟ ਹੈ। ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਅਤੇ ਇਨੋਵੇਸ਼ਨ ਕੋਰੀਡੋਰ ਤੇ ਸਥਿਤ ਹੋਣ ਦੇ ਤੌਰ ਤੇ, ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਵੰਨ-ਸੁਵੰਨੇ ਭਾਈਚਾਰੇ ਦੀਆਂ ਲੋੜਾਂ ਵਿੱਚ ਸੰਤੁਲਨ ਕਾਇਮ ਰੱਖੀਏ, ਨਿਵਾਸੀਆਂ ਅਤੇ ਕਾਰੋਬਾਰੀਆਂ ਸਮੇਤ। ਅਸੀਂ ਸਾਡੇ ਦ੍ਰਿਸ਼ਟੀਕੋਣ ਵਿੱਚ ਵਿੱਤੀ ਤੌਰ ਤੇ ਜ਼ਿੰਮੇਵਾਰ ਹੋਣ ਲਈ ਵਚਨਬੱਧ ਹਾਂ।”

- *ਰੀਜਨਲ ਕਾਊਂਸਲ ਪਾੱਲ ਵਿਸੇਂਟ (Paul Vicente), ਵਾਈਸ ਚੇਅਰ, ਬਜਟ ਕਮੇਟੀ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca